# ਨੋਟਿਸ

ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਚੰਡੀਗੜ੍ਹ ਵੱਲੋਂ ਵਿੱਤੀ ਸਾਲ 2023-24 ਦੌਰਾਨ ਪੀ.ਐਮ.ਕੁਸਮ ਸਕੀਮ ਅਧੀਨ ਸੋਲਰ ਪੰਪ ਲਗਾਉਣ ਲਈ ਅਜੇ ਆਨ-ਲਾਈਨ ਜਾਂ ਆਫ-ਲਾਈਨ ਅਰਜੀਆਂ ਦੀ ਮੰਗ ਨਹੀ ਕੀਤੀ ਗਈ, ਪ੍ਰੰਤੂ ਵੇਖਣ ਵਿੱਚ ਆਇਆ ਹੈ ਕਿ ਕੁੱਝ ਸ਼ਰਾਰਤੀ ਅਨਸ਼ਰਾਂ ਵੱਲੋਂ ਫੇਸਬੁੱਕ ਅਕਾਉਂਟ ਅਤੇ ਫਰਜੀ ਪੀ.ਐਮ.ਕੁਸਮ ਪ੍ਰੋਰਟਲ ਬਣਾਕੇ ਪੰਜਾਬ ਦੇ ਭੋਲੇ-ਭਾਲੇ ਕਿਸਾਨਾਂ ਤੋਂ ਐਡਵਾਂਸ ਰਕਮ ਅਤੇ ਜਮੀਨ ਦੀ ਜਮ੍ਹਾਂਬੰਦੀ, ਬੈਂਕ ਖਾਤਾ, ਅਧਾਰ ਕਾਰਡ, ਫੋਟੋ ਅਤੇ ਜਾਤੀ ਸਰਟੀਫਿਕੇਟਾਂ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਦਾ ਪੇਡਾ ਜਾਂ ਭਾਰਤ ਸਰਕਾਰ ਦੇ ਨਵ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੀ ਪੀ.ਐਮ.ਕੁਸਮ ਸਕੀਮ ਨਾਲ ਕੋਈ ਸਬੰਧ ਨਹੀ ਹੈ, ਜੋ ਕਿ ਕਾਨੂੰਨੀ ਤੌਰ ਤੇ ਗਲਤ ਹੈ, ਇਸ ਲਈ ਰਾਜ ਦੇ ਕਿਸਾਨਾਂ ਨੂੰ ਇਸ ਧੋਖੇਬਾਜੀ ਤੋਂ ਬਚਣ ਲਈ ਸੁਚੇਤ ਕੀਤਾ ਜਾਂਦਾ ਹੈ ।

ਆਪ ਸਭ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪੀ.ਐਮ.ਕੁਸਮ ਸਕੀਮ ਅਧੀਨ ਜੇਕਰ ਕਿਸੇ ਵੀ ਵਿਅਕਤੀ ਵੱਲੋਂ ਆਨ ਜਾਂ ਆਫ ਲਾਈਨ ਪੈਸੇ ਜਾਂ ਦਸਤਾਵੇਜਾਂ ਦੀ ਮੰਗ ਕੀਤੀ ਜਾਵੇ ਤਾਂ ਪੇਡਾ ਦੇ ਅਫਸਰਾਂ ਸ੍ਰੀ ਰਾਜੇਸ਼ ਬਾਂਸਲ, ਸੰਯੁਕਤ ਨਿਰਦੇਸ਼ਕ (94174-80801), ਸ੍ਰੀ ਹਰਨੇਕ ਸਿੰਘ, ਉੱਚ ਪ੍ਰਬੰਧਕ (94178-51616) ਅਤੇ ਸ੍ਰੀ ਨਯਾਬ ਮਿੱਤਲ, ਪ੍ਰਬੰਧਕ (79867-37895) ਨਾਲ ਸੰਪਰਕ ਕਰੋ ਅਤੇ ਕਿਸੇ ਵੀ ਵਿਅਕਤੀ ਦੇ ਖਾਤੇ ਵਿੱਚ ਪੈਸੇ ਜਮ੍ਹਾਂ ਨਾ ਕਰਵਾਏ ਜਾਣ ਅਤੇ ਨਾ ਹੀ ਹੋਰ ਕੋਈ ਦਸਤਾਵੇਜ ਦਿੱਤੇ ਜਾਣ।

ਪੇਡਾ ਵੱਲੋਂ ਜਦੋਂ ਵੀ ਪੀ.ਐਮ.ਕੁਸਮ ਅਧੀਨ ਸੋਲਰ ਪੰਪ ਲਗਾਉਣ ਲਈ ਅਰਜੀਆਂ ਅਤੇ ਦਸਤਾਵੇਜਾਂ ਦੀ ਮੰਗ ਕੀਤੀ ਜਾਵੇਗੀ ਤਾਂ ਪਹਿਲਾਂ ਸਾਰੇ ਹੀ ਅਖਬਾਰਾਂ ਅਤੇ ਹੋਰ ਸਬੰਧਤ ਮਾਧਿਅਮਾਂ ਰਾਹੀ ਆਪ ਜੀ ਨੂੰ ਜਾਣੂ ਕਰਵਾ ਦਿੱਤਾ ਜਾਵੇਗਾ ।

20/5/2023